**ਪੋਸਟ ਮਾਸਟਰ ਨੂੰ ਡਾਕੀਏ ਦੀ ਸ਼ਿਕਾਇਤ ਕਰਨ ਸੰਬੰਧੀ ਪੱਤਰ ਲਿਖੋ।** **( ਜਮਾਤ:- ਸੱਤਵੀਂ )**

**ਸੇਵਾ ਵਿਖੇ**

**ਪੋਸਟ ਮਾਸਟਰ ਸਾਹਿਬ ਜੀ ,**
**ਜਨਰਲ ਪੋਸਟ ਆਫ਼ਿਸ ,**

**ਮੋਗਾ।**

**ਵਿਸ਼ਾ :- ਡਾਕੀਏ ਦੀ ਸ਼ਿਕਾਇਤ ਕਰਨ ਸੰਬੰਧੀ :-**

**ਸ੍ਰੀ ਮਾਨ ਜੀ ,**

**ਬੇਨਤੀ ਹੈ ਕਿ ਮੈਂ ਬਾਘਾਪੁਰਾਣਾ ਸ਼ਹਿਰ ਦੀ ਨਿਵਾਸੀ ਹਾਂ। ਮੈਂ ਆਪ ਜੀ ਦੇ ਧਿਆਨ ਵਿੱਚ ਰਾਮ ਲਾਲ ਡਾਕੀਏ ਦੀ ਲਾਪਰਵਾਹੀ ਨੂੰ ਲਿਆਉਣਾ ਚਾਹੁੰਦੀ ਹਾਂ। ਉਹ ਬਹੁਤ ਵਾਰ ਡਾਕ ਦੇ ਕੰਮ ਵਿਚ ਲਾਪਰਵਾਹੀ ਵਰਤਦਾ ਹੈ। ਮੈਂ ਉਸ ਨਾਲ ਇਸ ਸੰਬੰਧੀ ਕਈ ਵਾਰ ਗੱਲ ਕਰ ਚੁੱਕੀ ਹਾਂ। ਪਰ ਉਸ ਨੇ ਕਦੇ ਵੀ ਮੇਰੀ ਗੱਲ ਨੂੰ ਗੰਭੀਰਤਾ ਨਾਲ ਨਹੀਂ ਲਿਆ ਹੈ। ਉਸ ਦੇ ਸੁਭਾਅ ਤੋਂ ਸਾਰੇ ਮੁਹੱਲੇ ਦੇ ਵਾਸੀ ਭਲੀ ਭਾਂਤ ਜਾਣੂ ਹਨ। ਉਹ ਹਮੇਸ਼ਾ ਹੀ ,ਜੇਕਰ ਕੋਈ ਉਸ ਦੀ ਗ਼ਲਤੀ ਬਾਰੇ ਗੱਲ ਕਰਦਾ ਹੈ ,ਤਾਂ ਉਹ ਲੜ੍ਹਨ ਨੂੰ ਤਿਆਰ ਰਹਿੰਦਾ ਹੈ। ਇਸ ਕਰਕੇ ਮੈਂ ਮੁਹੱਲਾ ਨਿਵਾਸੀ ਨਾਲ ਗੱਲ ਕਰਕੇ ਉਸ ਵੱਲੋ ਕੀਤੀਆਂ ਜਾਂਦੀਆਂ ਗ਼ਲਤੀਆਂ ਨੂੰ ਆਪ ਜੀ ਨਾਲ ਸਾਂਝੀਆਂ ਕਰਨੀਆਂ ਚਾਹੁੰਦੀ ਹਾਂ**

**ਸਭ ਤੋਂ ਪਹਿਲਾਂ ਤਾਂ ਉਹ ਕਦੇ ਵੀ ਡਾਕ ਸਮੇਂ ਸਿਰ ਨਹੀਂ ਵੰਡਦਾ।ਜੇਕਰ ਵੰਡਦਾ ਹੈ, ਤਾਂ ਕਈ ਦਿਨਾਂ ਦੀ ਇਕੱਠੀ ਵੰਡਦਾ ਹੈ। ਇਸ ਤੋਂ ਇਲਾਵਾ ਕਈ ਵਾਰ ਚਿੱਠੀ ਉੱਪਰ ਲਿਖਿਆ ਪਤਾ ਧਿਆਨ ਨਾਲ ਨਹੀਂ ਪੜ੍ਹਦਾ ਅਤੇ ਚਿੱਠੀ ਕਿਸੇ ਦੀ ,ਕਿਸੇ ਹੋਰ ਨੂੰ ਦੇ ਆਉਂਦਾ ਹੈ। ਇਸ ਤੋਂ ਇਲਾਵਾ ਸਾਰੇ ਮੁਹੱਲਾ ਨਿਵਾਸੀਆਂ ਦੀਆਂ ਬਹੁਤ ਸਾਰੀਆਂ ਤਕਲੀਫਾਂ ਹਨ। ਮੇਰੇ ਚਾਚਾ ਜੀ ਦੀ ਨੌਕਰੀ ਸੰਬੰਧੀ ਚਿੱਠੀ ਉਸ ਨੇ ਦੋ ਦਿਨ ਆਪਣੇ ਕੋਲ ਹੀ ਰੱਖੀ ,ਜਦੋਂ ਉਸ ਨੇ ਮੇਰੇ ਚਾਚਾ ਜੀ ਨੂੰ ਚਿੱਠੀ ਦਿੱਤੀ ,ਤਾਂ ਉਸ ਦੀ ਨੌਕਰੀ ਤੇ ਜਾਣ ਦੀ ਮਿਤੀ ਲੰਘ ਗਈ ਸੀ। ਉਹਨਾ ਨੇ ਇਸ ਸੰਬੰਧੀ ਨੌਕਰੀ ਵਾਲੀ ਜਗ੍ਹਾ ਤੋਂ ਪਤਾ ਕੀਤਾ ਤਾਂ ਉਸ ਨੂੰ ਨੌਕਰੀ ਤੋਂ ਜਵਾਬ ਮਿਲ ਗਿਆ। ਇਸ ਕਰਕੇ ਰਾਮ ਲਾਲ ਤੋਂ ਜਵਾਬ ਤਲਬੀ ਕੀਤੀ ਜਾਵੇ ਕਿ ਉਹ ਆਪਣੀ ਡਿਊਟੀ ਨੂੰ ਠੀਕ ਤਰ੍ਹਾਂ ਨਿਭਾਵੇ ਤਾਂ ਕਿ ਕਿਸੇ ਦੀ ਕੋਈ ਵੀ ਸ਼ਿਕਾਇਤ ਨਾ ਰਹੇ। ਮੈਨੂੰ ਉਮੀਦ ਹੈ ਕਿ ਤੁਸੀਂ ਮੇਰੀ ਬੇਨਤੀ ਤੇ ਨੂੰ ਹਮਦਰਦੀ ਪੂਰਵਕ ਵਿਚਾਰ ਕਰਕੇ ਇਸ ਸਮੱਸਿਆ ਦਾ ਹੱਲ ਜਰੂਰ ਕਰੋਗੇ।**

**ਆਪ ਜੀ ਦੀ ਵਿਸ਼ਵਾਸ ਪਾਤਰ ,**

**ਮਿਤੀ :-06 ਸਤੰਬਰ,2020 .** **ਅਨੀਤਾ ਕੌਰ ,**

**ਵਾਰਡ ਨੰਬਰ10,ਮੁਗਲੂ ਪੱਤੀ,**

**ਫ਼ੋਨ ਨੰਬਰ 1234567890 ,**

**ਡਾਕਖ਼ਾਨਾ ਅਤੇ ਤਹਿਸੀਲ ਬਾਘਾਪੁਰਾਣਾ।**

**ਤਿਆਰ ਕਰਤਾ :-ਸਵਰਨ ਸਿੰਘ ,ਪੰਜਾਬੀ ਮਾਸਟਰ ,ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ,ਬਾਘਾਪੁਰਾਣਾ (ਮੋਗਾ ) ਫੋਨ ਨੰਬਰ 9914032354.**